# ਦਫਤਰ ਵਧੀਕ ਡਿਪਟੀ ਕਮਿਸ਼ਨਰ (ਵਿਕਾਸ)-ਕਮ-
# ਵਧੀਕ ਜ਼ਿਲ੍ਹਾ ਪ੍ਰੋਗਰਾਮ ਕੋਆਰਡੀਨੇਟਰ, ਮਹਾਤਮਾ ਗਾਂਧੀ ਨਰੇਗਾ
**ਜ਼ਿਲ੍ਹਾ ਪ੍ਰੀਸ਼ਦ ਕੰਪਲੈਕਸ, ਸਰਹੰਦ ਰੋਡ,**
**ਪਟਿਆਲਾ।**

---

## ਉਮੀਦਵਾਰਾਂ ਦੀ ਜਾਣਕਾਰੀ ਹਿਤ ਨੋਟਿਸ

ਮਹਾਤਮਾ ਗਾਂਧੀ ਨਰੇਗਾ ਸਕੀਮ ਅਧੀਨ ਇਸ ਦਫਤਰ ਵਲੋਂ ਦਿੱਤੇ ਗਏ ਭਰਤੀ ਇਸ਼ਤਿਹਾਰ ਮਿਤੀ 20.04.2021 ਮੁਤਾਬਿਕ ਵੱਖ ਵੱਖ ਆਸਾਮੀਆਂ ਲਈ ਉਮੀਦਵਾਰਾਂ ਪਾਸੋਂ ਪ੍ਰਾਪਤ ਹੋਈਆਂ ਅਰਜੀਆਂ ਦੀ ਪੜਤਾਲ ਕਰਕੇ ਡਾਟਾ ਐਂਟਰੀ ਕਰਨ ਉਪਰੰਤ ਉਮੀਦਵਾਰਾਂ ਦੀ ਜਾਣਕਾਰੀ/ਖੁਦ ਚੈਕ ਕਰਨ ਲਈ ਡਾਟਾ ਅਪਲੋਡ ਕੀਤਾ ਗਿਆ ਹੈ। ਇਸ ਲਈ ਉਮੀਦਵਾਰ ਹੇਠ ਲਿਖੀਆਂ ਗੱਲਾਂ ਵੱਲ ਵਿਸ਼ੇਸ਼ ਧਿਆਨ ਦੇ ਕੇ ਆਪਣੇ ਵੇਰਵਿਆਂ ਦੀ ਖੁਦ ਪੜਤਾਲ ਕਰਨ ਉਪਰੰਤ ਦਾਵਾ/ਇਤਰਾਜ/ਖਾਮੀ, ਜੇ ਕੋਈ ਹੋਵੇ, ਮਿਤੀ 26.05.2021 ਬਾਅਦ ਦੁਪਹਿਰ 3:00 ਵਜੇ ਤੱਕ ਸਹੀਕਾਰ ਦੇ ਦਫਤਰ ਵਿਖੇ ਨਿੱਜੀ ਤੌਰ ਤੇ ਦੇਣ ਤਾਂ ਜੋ ਉਹਨਾਂ ਤੇ ਵਿਚਾਰ ਕੇ ਬਣਦੀ ਕਾਰਵਾਈ ਕੀਤੀ ਜਾ ਸਕੇ।

**ਧਿਆਨ ਦੇਣ ਯੋਗ ਵਿਸ਼ੇਸ਼ ਨੁਕਤੇ**

1. ਇਸ ਦਫਤਰ ਵਲੋਂ ਪੂਰੀ ਪਾਰਦਰਸ਼ਤਾ ਅਤੇ ਧਿਆਨ ਰਖਦੇ ਹੋਏ ਉਮੀਦਵਾਰਾਂ ਦੀਆਂ ਅਰਜੀਆਂ ਨਾਲ ਪ੍ਰਾਪਤ ਦਸਤਾਵੇਜਾਂ ਮੁਤਾਬਿਕ ਡਾਟਾ ਤਿਆਰ ਕੀਤਾ ਗਿਆ ਹੈ, ਪ੍ਰੰਤੂ ਫਿਰ ਵੀ ਸਾਰੇ ਉਮੀਦਵਾਰ ਆਪਣਾ-ਆਪਣਾ ਡਾਟਾ ਖੁਦ ਕਰਨ ਚੈਕ ਕਰਨ ਲਈ ਜ਼ੁੰਮੇਵਾਰ ਹੋਣਗੇ ਅਤੇ ਜੇਕਰ ਕਿਸੇ ਉਮੀਦਵਾਰ ਵਲੋਂ ਨਿਯਤ ਮਿਤੀ 26.05.2021 ਬਾਅਦ ਦੁਪਹਿਰ 3:00 ਵਜੇ ਤੱਕ ਕੋਈ ਦਾਅਵਾ/ਇਤਰਾਜ ਨਹੀਂ ਦਿੱਤਾ ਜਾਂਦਾ ਤਾਂ ਸਮਝਿਆ ਜਾਵੇਗਾ ਕਿ ਡਾਟਾ ਪੂਰੀ ਤਰ੍ਹਾਂ ਦਰੁੱਸਤ ਹੈ ਅਤੇ ਨਿਯਤ ਮਿਤੀ ਤੋਂ ਬਾਅਦ ਦਿੱਤੇ ਗਏ ਕਿਸੇ ਦਾਵੇ/ਇਤਰਾਜ ਨੂੰ ਨਹੀਂ ਵਿਚਾਰਿਆ ਜਾਵੇਗਾ। ਜੇਕਰ ਭਵਿੱਖ ਵਿਚ ਕੋਈ ਦਸਤਾਵੇਜ ਗਲਤ ਪਾਇਆ ਜਾਂਦਾ ਹੈ ਤਾਂ ਬਿਨਾ ਦੱਸੇ ਉਸ ਦੀ ਅਰਜੀ/ਨਿਯੁਕਤੀ ਰੱਦ ਕਰ ਦਿੱਤੀ ਜਾਵੇਗੀ।

2. ਵਿਗਿਆਪਨ ਮੁਤਾਬਿਕ ਸਾਰੀਆਂ ਆਸਾਮੀਆਂ ਲਈ ਤਜਰਬਾ ਸਰਟੀਫਿਕੇਟ ਕੇਵਲ ਸਰਕਾਰੀ/ਅਰਧ ਸਰਕਾਰੀ/ ਬੋਰਡ/ਕਾਰਪੋਰੇਸ਼ਨ/ਖੁਦ ਮੁਖਤਿਆਰ ਅਦਾਰੇ (ਜਿਹਨਾਂ ਤੇ ਸਰਕਾਰ ਦਾ ਕੰਟਰੋਲ ਹੁੰਦਾ ਹੈ) ਦਾ ਹੀ ਮੰਗਿਆ ਗਿਆ ਸੀ। ਇਸ ਕਾਰਨ ਪ੍ਰਾਈਵੇਟ ਖੇਤਰ ਵਿਚ ਕੰਮ ਕਰਨ ਵਾਲੇ ਕਿਸੇ ਵੀ ਉਮੀਦਵਾਰ ਦੇ ਤਜਰਬਾ ਸਰਟੀਫਿਕੇਟ ਨੂੰ ਨਹੀਂ ਵਿਚਾਰਿਆ ਗਿਆ। ਇਸ ਲਈ ਅਜਿਹੇ ਉਮੀਦਵਾਰ ਜਿਹਨਾਂ ਨੇ ਆਪਣੀਆਂ ਅਰਜੀਆਂ ਨਾਲ ਪ੍ਰਾਈਵੇਟ ਖੇਤਰ ਵਿਚ ਕੰਮ ਕਰਨ ਦਾ ਤਜਰਬਾ ਲਗਾਇਆ ਸੀ, ਸਬੰਧੀ ਸੋਧ ਕਰਵਾਉਣ ਲਈ ਦਫਤਰ ਨਾਲ ਸੰਪਰਕ ਨਾ ਕਰਨ। ਜੇਕਰ ਕਿਸੇ ਉਮੀਦਵਾਰ ਨੇ ਸਰਕਾਰੀ/ਅਰਧ ਸਰਕਾਰੀ/ ਬੋਰਡ/ਕਾਰਪੋਰੇਸ਼ਨ/ਖੁਦ ਮੁਖਤਿਆਰ ਅਦਾਰੇ ਵਿਚ ਕੰਮ ਕਰਨ ਦਾ ਤਜਰਬਾ ਲਗਾਇਆ ਹੋਵੇ ਪਰੰਤੂ ਉਸ ਨੂੰ ਵਿਚਾਰਿਆ ਨਾ ਗਿਆ ਹੋਵੇ ਤਾਂ ਉਹ ਉਮੀਦਵਾਰ ਨਿਯਤ ਮਿਤੀ ਤੱਕ ਸਹੀਕਾਰ ਦੇ ਦਫਤਰ ਨਾਲ ਸੰਪਰਕ ਕਰਕੇ ਗਲਤੀ ਦਰੁੱਸਤ ਕਰਵਾ ਸਕਦਾ ਹੈ।

3. ਉਮੀਦਵਾਰ ਵਲੋਂ ਜੋ ਕੈਟਾਗਰੀ ਆਪਣੇ ਫਾਰਮ ਤੇ ਲਿਖੀ ਹੋਵੇਗੀ, ਉਸ ਨੂੰ ਉਸ ਕੈਟਾਗਰੀ ਦੀ ਆਸਾਮੀ ਤੇ ਹੀ ਵਿਚਾਰਿਆ ਜਾਵੇਗਾ ਭਾਵ ਜੇਕਰ ਕੋਈ ਰਿਜਰਵ ਕੈਟਾਗਰੀ ਦਾ ਉਮੀਦਵਾਰ ਆਪਣੇ ਫਾਰਮ ਤੇ ਜਨਰਲ ਕੈਟਾਗਰੀ ਭਰਦਾ ਹੈ ਤਾਂ ਉਹ ਰਾਖਵੀਂ ਆਸਾਮੀ ਲਈ ਨਹੀਂ ਵਿਚਾਰਿਆ ਜਾਵੇਗਾ। ਬੇਸ਼ੱਕ ਉਸ ਵਲੋਂ ਆਪਣੀ ਅਰਜ਼ੀ ਨਾਲ ਆਪਣੀ ਜਾਤੀ/ਕੈਟਾਗਰੀ ਦਾ ਸਰਟੀਫਿਕੇਟ ਵੀ ਨੱਥੀ ਕੀਤਾ ਗਿਆ ਹੋਵੇ।

4. ਜਿਹੜੀ ਆਸਾਮੀ ਜਿਸ ਕੈਟਾਗਰੀ ਲਈ ਰਾਖਵੀਂ ਸੀ, ਉਸ ਆਸਾਮੀ ਤੇ ਉਸ ਕੈਟਾਗਰੀ ਦੇ ਉਮੀਦਵਾਰਾਂ ਨੂੰ ਹੀ ਵਿਚਾਰਿਆ ਜਾਣਾ ਹੈ। ਜਿਹੜੇ ਉਮੀਦਵਾਰਾਂ ਨੇ ਆਸਾਮੀ ਦੀ ਸਬੰਧਤ ਕੈਟਾਗਰੀ ਵਿਚ ਅਪਲਾਈ ਨਹੀਂ ਕੀਤਾ ਭਾਵ ਆਸਾਮੀ ਐਸ.ਸੀ./ਬੀ.ਸੀ./ਐਕਸ ਸਰਵਿਸਮੈਨ ਆਦਿ ਲਈ ਰਿਜਰਵ ਹੈ ਪਰੰਤੂ ਉਮੀਦਵਾਰ ਕਿਸੇ ਹੋਰ ਕੈਟਾਗਰੀ ਨਾਲ ਸਬੰਧਤ ਹਨ, ਦੀਆਂ ਅਰਜੀਆਂ ਰੱਦ ਕੀਤੀਆਂ ਗਈਆਂ ਹਨ।

5. ਅਰਜੀਆਂ ਦੀ ਪੜਤਾਲ ਕਰਨ ਉਪਰੰਤ ਲੋੜੀਂਦੇ ਦਸਤਾਵੇਜਾਂ ਦੀ ਉਮੀਦਵਾਰਾਂ ਪਾਸੋਂ ਮੰਗ ਕੀਤੀ ਗਈ ਹੈ ਅਤੇ ਜਿਹੜੇ ਉਮੀਦਵਾਰ ਨਿਯਤ ਮਿਤੀ ਤੱਕ ਮੰਗੇ ਗਏ ਦਸਤਾਵੇਜ ਨਿੱਜੀ ਤੌਰ ਤੇ ਸਹੀਕਾਰ ਦੇ ਦਫਤਰ ਵਿਚ ਜਮ੍ਹਾਂ ਕਰਵਾਉਣਗੇ, ਕੇਵਲ ਉਹਨਾਂ ਉਮੀਦਵਾਰਾਂ ਦੀਆਂ ਅਰਜੀਆਂ ਤੇ ਹੀ ਵਿਚਾਰ ਕੀਤਾ ਜਾਵੇਗਾ ਅਤੇ ਬਾਕੀ ਦੀਆਂ ਅਰਜੀਆਂ ਨੂੰ ਅਧੂਰਾ ਘੋਸ਼ਿਤ ਕਰਕੇ ਰੱਦ ਕਰ ਦਿੱਤਾ ਜਾਵੇਗਾ।

**(ਡਾ. ਪ੍ਰੀਤੀ ਯਾਦਵ, ਆਈ.ਏ.ਐਸ.)**
ਵਧੀਕ ਡਿਪਟੀ ਕਮਿਸ਼ਨਰ (ਵਿਕਾਸ)-ਕਮ-
ਵਧੀਕ ਜ਼ਿਲ੍ਹਾ ਪ੍ਰੋਗਰਾਮ ਕੋਆਰਡੀਨੇਟਰ,
ਮਹਾਤਮਾ ਗਾਂਧੀ ਨਰੇਗਾ,
ਪਟਿਆਲਾ।

Scanned with CamScanner